*This question paper contains 4 printed pages.]*

**1047** *Your Roll No. ......................*

**B.Com. (Hons.) / Sem. II** **B**

(T)

Paper CH-2.5– PUNJABI (B)

(Admissions of 2011 and onwards)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਪੁਸਤਕ 'ਮੇਰਾ ਨਾਨਕਾ ਪਿੰਡ' ਦੇ ਕਿਸੇ ਇੱਕ ਕਾਂਡ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 20

2. ਪੁਸਤਕ 'ਮੇਰਾ ਨਾਨਕਾ ਪਿੰਡ' ਵਿੱਚ ਲੇਖਕ ਨੇ ਜਿੰਨ੍ਹਾਂ ਰਸਮਾਂ-ਰਿਵਾਜਾਂ ਅਤੇ ਰਵਾਇਤਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਬਾਰੇ ਸੰਖੇਪ ਵਿੱਚ ਲਿਖੋ। 10

3. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਪੂਰਵਕ ਪੜ੍ਹੋ ਅਤੇ ਉਸਦਾ ਸੰਖੇਪ ਸਾਰ ਲਿਖੋ :

ਗੁਰੂ ਅਰਜਨ ਦੇਵ ਜੀ ਸਿੱਖ ਪੰਥ ਦੇ ਮਹਾਨ ਉਸਰਈਏ ਸਨ, ਜਿੰਨ੍ਹਾਂ ਨੇ ਆਪਣੇ ਅਣਥੱਕ ਯਤਨਾਂ

ਦੁਆਰਾ ਸਿੱਖਾਂ ਦੇ ਮਹਾਨ ਧਾਰਮਿਕ ਗ੍ਰੰਥ ਨੂੰ ਸੰਪਾਦਿਤ ਕੀਤਾ ਅਤੇ ਇਸ ਅਰਸ਼ੀ ਬਾਣੀ ਨੂੰ ਹਰ ਤਰ੍ਹਾਂ ਦੇ ਰਲਾਅ ਤੋਂ ਬਚਾਇਆ।ਆਪ ਨੇ ਸਿੱਖਾਂ ਵਿੱਚ ਦਸਵੰਧ ਕੱਢਣ ਦੀ ਪ੍ਰਥਾ ਚਲਾਈ । ਇਹ ਰਕਮ ਮਸੰਦਾਂ ਰਾਹੀਂ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਪਹੁੰਚਾਈ ਜਾਂਦੀ ਸੀ, ਜਿਸ ਨਾਲ ਆਪ ਭਵਨ ਉਸਾਰੀ ਆਦਿ ਦੇ ਕੰਮ ਕਰਿਆ ਕਰਦੇ ਸਨ।ਆਪ ਨੇ 1589 ਈ. ਨੂੰ ਅੰਮ੍ਰਿਤਸਰ ਵਿੱਚ ਅੰਮ੍ਰਿਤ-ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਨੂੰ ਬਣਵਾਇਆ।ਆਪ ਨੇ ਸਿੱਖੀ ਪ੍ਰਚਾਰ ਕਰਦਿਆਂ ਤਰਨ ਤਾਰਨ, ਕਰਤਾਰਪੁਰ ਤੇ ਸ੍ਰੀ ਹਰਗੋਬਿੰਦਪੁਰ ਆਦਿ ਨਗਰਾਂ ਨੂੰ ਵਸਾਇਆ।ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਰਬ-ਸਾਂਝੇ ਧਰਮ 'ਤੇ ਚਲਦਿਆਂ ਹੋਇਆਂ ਨਾਂ ਕੇਵਲ ਆਪਣਾ ਉਪਦੇਸ਼ 'ਚਹੁੰ ਵਰਨਾਂ ਕਉ ਸਾਂਝਾ' ਦਿੱਤਾ, ਸਗੋਂ ਸਿੱਖਾਂ ਦੇ ਮਹਾਨ ਮੰਦਰ, ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਜੀ ਕੋਲੋਂ ਰਖਵਾਈ।ਆਪ ਰੋਗੀਆਂ ਦੇ ਦਰਦੀ ਸਨ।ਆਪ ਨੇ ਕੋਹੜੀਆਂ ਦੀ ਦੇਖ ਭਾਲ ਲਈ ਤਰਨ ਤਾਰਨ ਵਿੱਚ ਇੱਕ ਆਸ਼ਰਮ ਖੋਲ੍ਹਿਆ ਜੋ ਹੁਣ ਤੀਕ ਚੱਲਦਾ ਹੈ। 15

4. ਹੇਠ ਲਿਖਿਆਂ ਲਈ ਇੱਕ ਸ਼ਬਦ ਲਿਖੋ ਜੋ ਇਹੋ ਅਰਥ ਦੱਸਦਾ ਹੋਵੇ :

ੳ. ਉਹ ਗੱਲ ਜੋ ਆਪਣੇ ਨਾਲ ਬੀਤੀ ਹੋਵੇ।

ਅ. ਉਹ ਅਖਬਾਰ ਜੋ ਹਫਤੇ ਬਾਅਦ ਨਿਕਲੇ।

ੲ. ਜਿੱਥੇ ਗਊਆਂ ਦੀ ਸੇਵਾ ਹੋਵੇ।

ਸ. ਉਹ ਪੁਰਸ਼ ਜੋ ਜੰਗ ਵਿੱਚ ਬਹਾਦਰੀ ਦਿਖਾਵੇ।

ਹ. ਜਿਸ ਨੂੰ ਰੱਬ 'ਤੇ ਵਿਸ਼ਵਾਸ਼ ਹੋਵੇ। 10

5. ਅਗੇਤਰ ਤੇ ਪਿਛੇਤਰ ਕੀ ਹੁੰਦੇ ਹਨ? ਉਦਾਹਰਨਾਂ ਸਹਿਤ ਲਿਖੋ

ਜਾਂ 10

ਹੇਠ ਲਿਖੇ ਅਗੇਤਰ ਲਗਾ ਕੇ ਬਣਦੇ ਸ਼ਬਦ ਲਿਖੋ :

ਸ, ਕੁ, ਅ, ਕਮ, ਹਮ, ਦੂਰ, ਨਾ, ਪਰ, ਮਨ, ਲਾ।

6. ਹੇਠ ਲਿਖਿਆਂ ਵਿੱਚੋਂ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ।

ੳ. ਮੇਰਾ ਨਾਨਕਾ ਪਿੰਡ ਦੇ ਕਾਂਡ ਗੁੜਾ ਉੱਤਮ ਸਿੰਘ ਵਿੱਚ ਸੁਣਾਈ ਗਈ ਨੂਰੇ ਤੇ ਬਾਨੋ ਦੀ ਕਥਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। 10

ਅ. 'ਸਾਡੇ ਨਿੱਕੇ ਵੱਡੇ ਰੱਬ' ਕਾਂਡ ਵਿੱਚ ਸੁਨਿਆਰਿਆਂ ਦਾ ਸੂਰਜ ਦੇ ਪੂਜਨ ਬਾਰੇ ਕਿਵੇਂ ਜ਼ਿਕਰ ਕੀਤਾ ਗਿਆ ਹੈ- ਵਿਸਤਾਰ ਨਾਲ ਲਿਖੋ।

ੲ. 'ਅਗਲਾ ਜਹਾਨ' ਕਾਂਡ ਵਿੱਚ ਲੱਭੋ ਅਗਲੇ ਜਹਾਨ ਦਾ ਬਿਆਨ ਕਿਵੇਂ ਕਰਦੀ ਹੈ? ਵਿਸਤਾਰ ਨਾਲ ਲਿਖੋ।

ਸ. 'ਲੋਕ ਵਿਸ਼ਵਾਸ਼' ਕਾਂਡ ਵਿੱਚ ਪੋਖੇ ਬਾਰੇ ਲੋਕਾਂ ਦਾ ਜੋ ਵਿਸ਼ਵਾਸ਼ ਹੈ, ਉਹ ਲਿਖੋ।

ਹ. ਨਜ਼ਰ ਲੱਗਣ ਤੋਂ ਬਚਣ ਲਈ ਕੀ ਕੀ ਉਪਾਅ ਕੀਤੇ ਜਾਂਦੇ ਹਨ? 'ਲੋਕ ਵਿਸ਼ਵਾਸ਼' ਕਾਂਡ ਵਿੱਚ ਪੇਸ਼ ਇਨ੍ਹਾਂ ਉਪਾਵਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

ਕ. ਰੁੱਖਾਂ ਦਾ ਸਫਰ ਕਾਂਡ ਵਿੱਚ ਰੁੱਖਾਂ ਦੇ ਜ਼ਮੀਨ ਵਿੱਚ ਲੱਗਣ ਬਾਰੇ ਸੁਣਾਈ ਕਥਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

ਖ. ਅਰਕ ਨਾਮ ਦੀ ਅਪਸਰਾ ਅੱਕ ਕਿਵੇਂ ਬਣੀ? 'ਝੂਠ ਬੋਲਣ ਵਾਲਾ ਫੁੱਲ' ਕਾਂਡ ਵਿੱਚ ਅੰਕਿਤ ਇਸ ਕਥਾ ਨੂੰ ਸੁਣਾਉ।

ਗ. ਚੁੱਲ੍ਹੇ ਦੀ ਅੱਗ ਨੂੰ ਸੰਭਾਲਣ ਬਾਰੇ ਜੋ ਵਿਸ਼ਵਾਸ਼ 'ਸਾਡੇ ਚੁੱਲ੍ਹੇ ਦੀ ਅੱਗ' ਕਾਂਡ ਵਿੱਚ ਅੰਕਿਤ ਹੈ ਉਸ ਨੂੰ ਮੁੜ ਲਿਖੋ।